# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 19:30

**ਮਿਤੀ :16-08-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਕਹਿਣਾ ਏ ਕਿ 2047 ਤੱਕ, ਭਾਰਤ ਨੂੰ ਪੂਰੀ ਤਰ੍ਹਾਂ ਵਿਕਸਿਤ ਰਾਸ਼ਟਰ ਬਣਾਉਣ ਲਈ ਨੌਜਵਾਨਾਂ, ਗਰੀਬਾਂ, ਔਰਤਾਂ ਅਤੇ ਕਿਸਾਨਾਂ ਨੂੰ ਸਮਰੱਥ ਬਣਾਉਣਾ ਬੇਹਦ ਜ਼ਰੂਰੀ ਏ।

- ਜੰਮੂ-ਕਸ਼ਮੀਰ ਵਿੱਚ, ਜੰਮੂ-ਪੁੰਛ ਰਾਸ਼ਟਰੀ ਸ਼ਾਹਰਾਹ 'ਤੇ ਸੁੰਗਲ ਸੁਰੰਗ ਨੂੰ ਜਨਤਕ ਆਵਾਜਾਈ ਲਈ ਖੋਲ੍ਹ ਦਿੱਤਾ ਗਿਆ ਏ।

- ਮਾਲੀਆ ਇੰਟੈਲੀਜੈਂਸ ਬਾਰੇ ਡਾਇਰੈਕਟੋਰੇਟ ਨੇ ਦੱਖਣ-ਪੂਰਬੀ ਏਸ਼ੀਆਈ ਸੁਪਾਰੀ ਦੀ ਗੈਰ-ਕਾਨੂੰਨੀ ਤਰੀਕੇ ਨਾਲ ਦਰਾਮਦ ਵਿੱਚ ਸ਼ਾਮਲ ਨੈੱਟਵਰਕ ਦਾ ਪਰਦਾਫਾਸ਼ ਕੀਤਾ ਏ।

- ਵਿਗਿਆਨ ਅਤੇ ਤਕਨਾਲੋਜੀ ਮੰਤਰੀ, ਡਾ. ਜਿਤੇਂਦਰ ਸਿੰਘ ਨੇ ਰੋਕਥਾਮ ਵਾਲੀ ਸਿਹਤ ਸੰਭਾਲ ਅਤੇ ਸ਼ੂਗਰ ਦੀ ਰੋਕਥਾਮ ਨੂੰ ਰਾਸ਼ਟਰੀ ਤਰਜੀਹ ਬਣਾਉਣ ਦਾ ਸੱਦਾ ਦਿੱਤਾ ਏ।

- ਔਰਤਾਂ ਦੇ FIH ਹਾਕੀ ਵਿਸ਼ਵ ਕੱਪ ਵਿੱਚ, ਭਾਰਤ ਨੇ ਅੱਜ ਗਰੁੱਪ-ਪੜਾਅ ਦੇ ਮੈਚ ਵਿੱਚ ਚੀਨ ਖਿਲਾਫ 2-2 ਦੇ ਰੋਮਾਂਚਕ ਡਰਾਅ ਨਾਲ ਆਪਣੀ ਮੁਹਿੰਮ ਦੀ ਸ਼ੁਰੂਆਤ ਕੀਤੀ।

## *ਹੁਣ ਖਬਰਾਂ ਵਿਸਥਾਰ ਨਾਲ*

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਏ ਕਿ 2047 ਤੱਕ, ਭਾਰਤ ਨੂੰ ਪੂਰੀ ਤਰ੍ਹਾਂ ਵਿਕਸਿਤ ਰਾਸ਼ਟਰ ਬਣਾਉਣ ਲਈ ਨੌਜਵਾਨਾਂ, ਗਰੀਬਾਂ, ਔਰਤਾਂ ਅਤੇ ਕਿਸਾਨਾਂ ਨੂੰ ਸਮਰੱਥ ਬਣਾਉਣਾ ਬਹੁਤ ਜ਼ਰੂਰੀ ਏ। ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਇਨ੍ਹਾਂ ਵਰਗਾਂ 'ਤੇ ਵਿਸ਼ੇਸ਼ ਧਿਆਨ ਦੇ ਰਹੀ ਏ। ਸ੍ਰੀ ਸ਼ਾਹ ਅੱਜ ਰਾਜਸਥਾਨ ਦੇ ਅਲਵਰ ਵਿੱਚ ਰਾਜ ਦੇ 17 ਜ਼ਿਲ੍ਹਿਆਂ ਵਿੱਚ 6 ਹਜ਼ਾਰ 400 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਨ ਅਤੇ ਨੀਂਹ ਪੱਥਰ ਰੱਖਣ ਤੋਂ ਬਾਅਦ, ਇੱਕ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਸ੍ਰੀ ਸ਼ਾਹ ਨੇ ਕਿਹਾ ਕਿ, ਕੇਂਦਰ ਸਰਕਾਰ ਨੇ ਕਿਸਾਨਾਂ ਦੇ ਵਿਕਾਸ ਅਤੇ ਭਲਾਈ ਲਈ ਕਈ ਯੋਜਨਾਵਾਂ

ਸ਼ੁਰੂ ਕੀਤੀਆਂ ਨੇ। ਗ੍ਰਹਿ ਮੰਤਰੀ ਨੇ ਕਿਹਾ ਕਿ 2014 ਅਤੇ 2026 ਵਿਚਕਾਰ ਇੱਕ ਵੀ ਸਾਲ ਅਜਿਹਾ ਨਹੀਂ ਰਿਹਾ, ਜਦੋਂ ਮੋਦੀ ਸਰਕਾਰ ਨੇ ਕਿਸਾਨਾਂ ਲਈ ਕੋਈ ਵੱਡੀ ਯੋਜਨਾ ਸ਼ੁਰੂ ਨਾ ਕੀਤੀ ਹੋਵੇ। ਉਨ੍ਹਾਂ ਨੇ ਕਿਹਾ ਕਿ ਘੱਟੋ-ਘੱਟ ਸਮਰਥਨ ਮੁੱਲ (MSP) ਵਿੱਚ ਲਗਾਤਾਰ ਵਾਧਾ ਕੀਤਾ ਗਿਆ ਏ।

**BYTE: AMIT SHAH 15 SEC**

ਸ੍ਰੀ ਸ਼ਾਹ ਨੇ ਕਿਹਾ ਕਿ ਡੇਅਰੀ ਉਤਪਾਦਨ ਖੇਤਰ ਵਿੱਚ, ਦਿਹਾਤੀ ਆਰਥਿਕਤਾ ਨੂੰ ਬਦਲਣ ਦੀ ਅਥਾਹ ਸਮਰੱਥਾ ਏ ਅਤੇ ਗੁਜਰਾਤ ਦੇ ਕਿਸਾਨਾਂ ਨੇ ਇਹ ਸਾਬਤ ਕਰ ਦਿਖਾਇਆ ਏ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਾਲਾਂ ਵਿੱਚ, ਗਾਵਾਂ ਅਤੇ ਮੱਝਾਂ ਦੀਆਂ ਵੱਧ ਦੁੱਧ ਦੇਣ ਵਾਲੀਆਂ ਨਸਲਾਂ, ਰਾਜਸਥਾਨ ਦੇ ਹਰ ਘਰ ਤੱਕ ਪਹੁੰਚਾਉਣ ਦੇ ਯਤਨ ਕੀਤੇ ਜਾਣਗੇ। ਇਸ ਮੌਕੇ, ਗ੍ਰਹਿ ਮੰਤਰੀ ਨੇ 'ਮੁੱਖ ਮੰਤਰੀ ਕਿਸਾਨ ਸੰਮਾਨ ਨਿਧੀ' ਯੋਜਨਾ ਤਹਿਤ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਲਾਭ ਤਬਾਦਲੇ ਰਾਹੀਂ ਰਕਮ ਭੇਜੀ।

---------------------------------------------------------

ਉਪ-ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੇ ਵਿਦਿਆਰਥੀਆਂ ਨੂੰ 'ਰਾਸ਼ਟਰ ਪਹਿਲਾਂ' ਦੇ ਸਿਧਾਂਤ ਨੂੰ ਅਪਣਾਉਣ ਦਾ ਸੱਦਾ ਦਿੱਤਾ ਏ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਰਾਸ਼ਟਰ-ਨਿਰਮਾਣ ਲਈ ਆਪਣੇ ਗਿਆਨ,

ਹੁਨਰ ਅਤੇ ਨਵੀਂ ਸੋਚ ਦੀ ਵਰਤੋਂ ਕਰਨ ਲਈ ਕਿਹਾ। ਚੇਨਈ ਨੇੜੇ ਕੱਟਨਕੁਲਥੁਰ ਵਿੱਚ 'S.R.M. Institute of Science and Technology' ਦੇ 22ਵੇਂ ਕਨਵੋਕੈਸ਼ਨ ਸਮਾਰੋਹ ਨੂੰ ਸੰਬੋਧਨ ਕਰਦਿਆਂ, ਉਪ-ਰਾਸ਼ਟਰਪਤੀ ਨੇ ਕਿਹਾ ਕਿ ਸਾਲ 2047 ਤੱਕ 'ਵਿਕਸਿਤ ਭਾਰਤ' ਬਣਨ ਦੇ ਦੇਸ਼ ਦੇ ਸਫ਼ਰ ਵਿੱਚ, ਭਾਰਤ ਦੇ ਨੌਜਵਾਨਾਂ ਦੀ ਅਹਿਮ ਭੂਮਿਕਾ ਏ। ਕੋਵਿਡ-19 ਮਹਾਂਮਾਰੀ ਦੌਰਾਨ ਭਾਰਤ ਵੱਲੋਂ ਚੁੱਕੇ ਗਏ ਕਦਮਾਂ ਦਾ ਜ਼ਿਕਰ ਕਰਦਿਆਂ, ਸ੍ਰੀ ਰਾਧਾਕ੍ਰਿਸ਼ਨਨ ਨੇ ਕਿਹਾ ਕਿ ਭਾਰਤ ਨੇ 100 ਤੋਂ ਵੱਧ ਦੇਸ਼ਾਂ ਨੂੰ ਵੈਕਸੀਨ ਮੁਹੱਈਆ ਕਾਰਵਾਈ ਏ। ਇਹ ਕਦਮ ਵਿਸ਼ਵ ਭਲਾਈ ਅਤੇ ਮਨੁੱਖਤਾ ਪ੍ਰਤੀ ਭਾਰਤ ਦੀ ਵਚਨਬੱਧਤਾ ਨੂੰ ਦਰਸਾਉਂਦਾ ਏ।

---

ਜੰਮੂ-ਕਸ਼ਮੀਰ ਵਿੱਚ, ਜੰਮੂ-ਪੁੰਛ ਰਾਸ਼ਟਰੀ ਸ਼ਾਹਰਾਹ 'ਤੇ ਚਿਰਾਂ ਤੋਂ ਉਡੀਕੀ ਜਾ ਰਹੀ ਸੁੰਗਲ ਸੁਰੰਗ ਨੂੰ ਜਨਤਕ ਆਵਾਜਾਈ ਲਈ ਖੋਲ੍ਹ ਦਿੱਤਾ ਗਿਆ ਏ, ਜਿਸ ਨਾਲ ਰਾਜੌਰੀ, ਪੁੰਛ ਅਤੇ ਨੌਸ਼ਹਿਰਾ ਨਾਲ ਸੰਪਰਕ ਨੂੰ ਵੱਡਾ ਹੁਲਾਰਾ ਮਿਲਿਆ ਏ । BRO ਕਲੋਨ ਕਾਲੀਧਰ ਰੇਂਜ ਨਾਲ ਬਣਾਈ ਗਈ, 2.79 ਕਿਲੋਮੀਟਰ ਲੰਮੀ ਸੁਰੰਗ ਮੌਜੂਦਾ ਰਸਤੇ ਦੇ ਇੱਕ ਮੁਸ਼ਕਲ ਹਿੱਸੇ ਨੂੰ ਬਾਈਪਾਸ ਕਰੇਗੀ, ਯਾਤਰਾ ਦੀ ਦੂਰੀ ਨੂੰ ਕਰੀਬ 13 ਕਿਲੋਮੀਟਰ ਘਟਾ ਦੇਵੇਗੀ ਅਤੇ ਯਾਤਰਾ ਦੇ ਸਮੇਂ ਵਿੱਚ ਕਾਫ਼ੀ ਬਚਤ

ਕਰੇਗੀ। ਕਰੀਬ 600 ਕਰੋੜ ਰੁਪਏ ਦੀ ਲਾਗਤ ਨਾਲ ਬਣੀ ਇਹ ਸੁਰੰਗ ਮੌਜੂਦਾ ਸਮੇਂ ਵਿੱਚ ਸਿਰਫ ਹਲਕੇ ਵਾਹਨਾਂ ਲਈ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਖੁੱਲ੍ਹੀ ਏ।

----------------------------------------------------

ਫੌਜ ਮੁਖੀ ਜਨਰਲ ਧੀਰਜ ਸੇਠ ਅੱਜ ਨੇਪਾਲ ਦੇ ਤਿੰਨ ਦਿਨਾਂ ਸਰਕਾਰੀ ਦੌਰੇ ਲਈ ਰਵਾਨਾ ਹੋਏ । ਇਸ ਦੌਰੇ ਦਾ ਉਦੇਸ਼ ਦੋਵਾਂ ਦੇਸ਼ਾਂ ਵਿਚਕਾਰ ਰੱਖਿਆ ਸਹਿਯੋਗ ਅਤੇ ਫੌਜੀ ਸਬੰਧਾਂ ਨੂੰ ਮਜ਼ਬੂਤ ਕਰਨਾ ਏ । ਭਲਕੇ, ਜਨਰਲ ਸੇਠ ਟੁੰਡੀਖੇਲ ਵਿੱਚ ਸੇਨਾ ਮੰਡਪ ਵਿਖੇ ਫੁੱਲਮਾਲਾ ਭੇਟ ਕਰਨਗੇ ਅਤੇ ਨੇਪਾਲ ਫੌਜ ਸਦਰਮੁਕਾਮ ਵਿਖੇ ਗਾਰਡ ਆਫ਼ ਆਨਰ ਪ੍ਰਾਪਤ ਕਰਨਗੇ। ਉਹ ਨੇਪਾਲ ਫੌਜ ਦੇ ਮੁਖੀ ਨਾਲ ਗੱਲਬਾਤ ਕਰਨਗੇ, ਅਤੇ ਨੇਪਾਲ ਫੌਜ ਦੇ ਫੌਜੀ ਸੰਚਾਲਨ ਦੇ ਡਾਇਰੈਕਟਰ ਜਨਰਲ ਉਨ੍ਹਾਂ ਨੂੰ ਆਪਸੀ ਹਿੱਤ ਦੇ ਮੁੱਦਿਆਂ 'ਤੇ ਜਾਣਕਾਰੀ ਦੇਣਗੇ।

----------------------------------------------------

ਸਰਕਾਰ ਨੇ ਪਾਕਿਸਤਾਨੀ ਸੋਸ਼ਲ ਮੀਡੀਆ 'ਤੇ ਚਲ ਰਹੇ ਇੱਕ ਵੀਡੀਓ ਦਾ ਖੰਡਨ ਕੀਤਾ ਏ ਜਿਸ ਵਿੱਚ ਦਾਅਵਾ ਕੀਤਾ ਗਿਆ ਏ ਕਿ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਰਾਫੇਲ ਜਹਾਜ਼ ਦੀ ਜਾਂਚ ਕਮਿਸ਼ਨ ਦੇ

ਗਠਨ ਸੰਬੰਧੀ ਬਿਆਨ ਦਿੱਤਾ ਸੀ। ਪ੍ਰੈਸ ਸੂਚਨਾ ਬਿਊਰੋ (PIB) ਦੀ ਤੱਥ ਜਾਂਚ ਇਕਾਈ ਨੇ ਇਸ ਦਾਅਵੇ ਨੂੰ ਝੂਠਾ ਕਰਾਰ ਦਿੱਤਾ ਏ. PIB ਨੇ ਸਪੱਸ਼ਟ ਕੀਤਾ ਏ ਕਿ ਰਾਸ਼ਟਰਪਤੀ ਨੇ ਅਜਿਹਾ ਕੋਈ ਬਿਆਨ ਨਹੀਂ ਦਿੱਤਾ। ਪੀਆਈਬੀ ਨਾਗਰਿਕਾਂ ਨੂੰ ਚੌਕਸ ਰਹਿਣ ਅਤੇ ਪ੍ਰਮਾਣਿਤ ਜਾਣਕਾਰੀ ਲਈ ਸਿਰਫ਼ ਅਧਿਕਾਰਤ ਸਰੋਤਾਂ 'ਤੇ ਭਰੋਸਾ ਕਰਨ ਦੀ ਅਪੀਲ ਕਰਦਾ ਏ।

---

ਮਾਲੀਆ ਇੰਟੈਲੀਜੈਂਸ ਬਾਰੇ ਡਾਇਰੈਕਟੋਰੇਟ ਨੇ ਦੱਖਣ-ਪੂਰਬੀ ਏਸ਼ੀਆਈ ਸੁਪਾਰੀ ਦੀ ਗੈਰ-ਕਾਨੂੰਨੀ ਤਰੀਕੇ ਨਾਲ ਦਰਾਮਦ ਵਿੱਚ ਸ਼ਾਮਲ ਇੱਕ ਨੈੱਟਵਰਕ ਦਾ ਪਰਦਾਫਾਸ਼ ਕੀਤਾ ਏ। ਇਹ ਨੈੱਟਵਰਕ ਸੁਪਾਰੀ ਬੰਗਲਾਦੇਸ਼ੀ ਹੋਣ ਦਾ ਦਾਅਵਾ ਕਰਕੇ ਉਸ ‘ਤੇ ਮਿਲਣ ਵਾਲੀ ਰਿਆਇਤ ਦਾ ਲਾਭ ਲੈ ਰਿਹਾ ਸੀ.

ਖਜ਼ਾਨਾ ਮੰਤਰਾਲੇ ਨੇ ਕਿਹਾ ਏ ਕਿ ਜਾਂਚ ਵਿੱਚ ਹੁਣ ਤੱਕ ਦੋ ਹਜ਼ਾਰ ਪੰਜ ਸੌ ਕਰੋੜ ਰੁਪਏ ਤੋਂ ਵੱਧ ਦੇ ਸੰਭਾਵੀ ਮਾਲੀਆ ਨੁਕਸਾਨ ਦਾ ਖੁਲਾਸਾ ਹੋਇਆ ਏ। ਇਸ ਮਾਮਲੇ ਦੇ ਸਬੰਧ ਵਿੱਚ ਨੌਂ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਏ।

ਭਾਰਤ ਵਿੱਚ ਸੁਪਾਰੀ ਦੀ ਦਰਾਮਦ 'ਤੇ 100 ਫੀਸਦੀ ਦੀ ਮੂਲ ਕਸਟਮ ਡਿਊਟੀ ਲੱਗਦੀ ਏ. ਹਾਲਾਂਕਿ, ਸਾਫਟਾ ਸਮਝੌਤੇ ਤਹਿਤ ਯੋਗ ਦਰਾਮਦ

ਨੂੰ ਕਸਟਮ ਡਿਊਟੀ ਤੋਂ ਛੋਟ ਏ। ਬੰਗਲਾਦੇਸ਼ ਵਿੱਚ ਪੈਦਾ ਹੋਣ ਵਾਲੀ ਸੁਪਾਰੀ ਇਸ ਛੋਟ ਲਈ ਯੋਗ ਏ, ਬਸ਼ਰਤੇ ਦਰਾਮਦ ਨਿਰਧਾਰਤ ਮੂਲ ਨੇਮਾਂ ਦੇ ਮਾਪਦੰਡਾਂ ਨੂੰ ਪੂਰਾ ਕਰਦੀ ਹੋਵੇ।

---------------------------------------------------

ਵਿਗਿਆਨ ਅਤੇ ਤਕਨਾਲੋਜੀ ਮੰਤਰੀ, ਡਾ. ਜਿਤੇਂਦਰ ਸਿੰਘ ਨੇ ਰੋਕਥਾਮ ਵਾਲੀ ਸਿਹਤ ਸੰਭਾਲ ਅਤੇ ਸ਼ੂਗਰ ਦੀ ਰੋਕਥਾਮ ਨੂੰ ਰਾਸ਼ਟਰੀ ਤਰਜੀਹ ਬਣਾਉਣ ਦਾ ਸੱਦਾ ਦਿੱਤਾ ਏ । ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਦਿਹਾਤੀ ਭਾਰਤ ਵਿੱਚ ਸ਼ੂਗਰ ਦੇ ਵਧ ਰਹੇ ਬੋਝ ਲਈ ਭਾਈਚਾਰੇ ਦੀ ਅਗਵਾਈ ਵਾਲੀ, ਤਕਨਾਲੋਜੀ-ਸਮਰੱਥ ਅਤੇ ਡੇਟਾ-ਅਧਾਰਿਤ ਪ੍ਰਤੀਕਰਮ ਦੀ ਲੋੜ ਏ । ਮੰਤਰੀ ਨੇ RS-SDI 'ਡਾਇਬੀਟੀਜ਼ ਦਿਹਾਤੀ ਆਊਟਰੀਚ ਡਿਜੀਟਲ ਪੋਰਟਲ' ਦਾ ਵਰਚੁਅਲ ਉਦਘਾਟਨ ਕੀਤਾ ਅਤੇ ਸ਼ੂਗਰ ਜਾਗਰੂਕਤਾ ਵੀਡੀਓ ਲਾਇਬ੍ਰੇਰੀ-VISHWAS, ਲਾਂਚ ਕੀਤੀ।

ਇਸ ਮੌਕੇ ਬੋਲਦਿਆਂ ਡਾ. ਸਿੰਘ ਨੇ ਕਿਹਾ, ਭਾਰਤ ਦੀ 70 ਫੀਸਦੀ ਤੋਂ ਵੱਧ ਆਬਾਦੀ 40 ਸਾਲ ਤੋਂ ਘੱਟ ਉਮਰ ਦੀ ਹੋਣ ਕਰਕੇ, ਦੇਸ਼ ਦੀ ਨੌਜਵਾਨ ਆਬਾਦੀ ਦੀ ਸਿਹਤ ਅਤੇ ਉਤਪਾਦਕ ਸੰਭਾਵਨਾ ਦੀ ਰੱਖਿਆ ਕਰਨਾ 2047 ਤਕ ਵਿਕਸਿਤ ਭਾਰਤ ਦੇ ਦ੍ਰਿਸ਼ਟੀਕੋਣ ਲਈ ਜ਼ਰੂਰੀ ਏ। ਮੰਤਰੀ ਨੇ ਭਾਰਤ ਦੀ ਭਾਸ਼ਾਈ ਭਿੰਨਤਾ ਪ੍ਰਤੀ ਡਿਜੀਟਲ ਸਿਹਤ ਹੱਲਾਂ ਨੂੰ ਜਵਾਬਦੇਹ ਬਣਾਉਣ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਮੰਤਰੀ ਨੇ

ਸ਼ੂਗਰ ਅਤੇ ਹੋਰ ਗੈਰ ਲਾਗ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਅਤੇ ਇਹਨਾਂ ਪ੍ਰਤੀ ਪ੍ਰਬੰਧ ਲਈ ਵਧੇਰੇ ਪ੍ਰਭਾਵਸ਼ਾਲੀ ਅਤੇ ਟਿਕਾਊ ਮਾਡਲ ਬਣਾਉਣ ਲਈ ਸਰਕਾਰੀ ਏਜੰਸੀਆਂ, ਅਕਾਦਮਿਕ ਸੰਸਥਾਵਾਂ, ਤਕਨਾਲੋਜੀ ਭਾਈਵਾਲਾਂ, ਨਿੱਜੀ ਸੰਗਠਨਾਂ ਅਤੇ ਸਥਾਨਕ ਸਿਹਤ ਸੰਭਾਲ ਮੁਲਾਜ਼ਮਾਂ ਵਿਚਕਾਰ ਵਧੇਰੇ ਏਕੀਕਰਨ ਦੀ ਮੰਗ ਕੀਤੀ।

RS-SDI, ਦਿਹਾਤੀ ਆਊਟਰੀਚ ਪ੍ਰੋਗਰਾਮ ਇੱਕ ਭਾਈਚਾਰਕ ਪਹਿਲਕਦਮੀ ਏ, ਜੋ RS-SDI ਮੈਂਬਰਾਂ ਵਲੋਂ ਪਿੰਡ ਗੋਦ ਲੈ ਕੇ ਦਿਹਾਤੀ ਭਾਰਤ ਵਿੱਚ ਸ਼ੂਗਰ ਜਾਗਰੂਕਤਾ, ਛੇਤੀ ਪਤਾ ਲਾਉਣ, ਇਲਾਜ, ਅਤੇ ਰੋਕਥਾਮ ਨੂੰ ਬਿਹਤਰ ਬਣਾਉਣ 'ਤੇ ਕੇਂਦ੍ਰਿਤ ਏ।

---------------------------------------------------------------

'ਹਰ ਘਰ ਤਿਰੰਗਾ' ਮੁਹਿੰਮ ਦੇ ਹਿੱਸੇ ਵਜੋਂ ਅੱਜ ਕਰਨਾਲ ਵਿੱਚ 'ਤਿਰੰਗਾ ਯਾਤਰਾ' ਕਰਾਈ ਗਈ. ਇਸ ਮਹੀਨੇ ਦੀ 9 ਤਰੀਕ ਤੋਂ 17 ਤਰੀਕ ਤੱਕ ਦੇਸ਼ ਭਰ ਵਿੱਚ 'ਹਰ ਘਰ ਤਿਰੰਗਾ' ਮੁਹਿੰਮ ਚਲਾਈ ਜਾ ਰਹੀ ਏ।

ਕੇਂਦਰੀ ਬਿਜਲੀ ਮੰਤਰੀ ਮਨੋਹਰ ਲਾਲ ਨੇ ਤਿਰੰਗਾ ਯਾਤਰਾ ਨੂੰ ਹਰੀ ਝੰਡੀ ਦਿਖਾਈ। ਇਸ ਯਾਤਰਾ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਤਿਰੰਗੇ ਨਾਲ ਹਿੱਸਾ ਲਿਆ।

------------------------------------------------------------

ਕੇਂਦਰੀ ਸਹਿਕਾਰਤਾ ਰਾਜ ਮੰਤਰੀ ਕ੍ਰਿਸ਼ਨ ਪਾਲ ਗੁਰਜਰ ਅਤੇ ਸਾਬਕਾ ਕੈਬਨਿਟ ਮੰਤਰੀ ਅਤੇ ਵਿਧਾਇਕ ਪੰਡਿਤ ਮੂਲਚੰਦ ਸ਼ਰਮਾ ਦੀ ਅਗਵਾਈ ਹੇਠ ਅੱਜ ਹਰਿਆਣਾ ਦੇ ਬੱਲਭਗੜ੍ਹ ਵਿਖੇ ਵੀ ਇੱਕ ਵਿਸ਼ਾਲ ਤਿਰੰਗਾ ਯਾਤਰਾ ਕਰਾਈ ਗਈ. ਹਜ਼ਾਰਾਂ ਲੋਕਾਂ ਨੇ ਯਾਤਰਾ ਵਿੱਚ ਹਿੱਸਾ ਲਿਆ।

------------------------------------------------------------

ਮੌਸਮ ਵਿਭਾਗ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਵੱਖ-ਵੱਖ ਹਿੱਸਿਆਂ ਵਿੱਚ, ਅਗਲੇ 2 ਦਿਨਾਂ ਲਈ ਭਾਰੀ ਮੀਂਹ ਦਾ ਯੈਲੋ ਅਲਰਟ ਜਾਰੀ ਕੀਤਾ ਏ।

ਪੰਜਾਬ ਵਿੱਚ ਭਲਕੇ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਰੂਪਨਗਰ ਅਤੇ ਮੋਹਾਲੀ ਦੇ ਕਈ ਇਲਾਕਿਆਂ ਵਿੱਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਏ, ਜਦਕਿ ਪਠਾਨਕੋਟ, ਹੁਸ਼ਿਆਰਪੁਰ ਅਤੇ ਰੂਪਨਗਰ ਦੇ ਕਈ ਹਿੱਸਿਆਂ ਵਿੱਚ, 18 ਅਗਸਤ ਨੂੰ ਭਾਰੀ ਮੀਂਹ ਪੈ ਸਕਦਾ ਏ। ਇਸ ਤੋਂ ਇਲਾਵਾ, ਮੌਸਮ ਵਿਭਾਗ ਨੇ ਪੰਜਾਬ ਦੇ ਕੁਝ ਹਿੱਸਿਆਂ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਵੀ ਸੰਭਾਵਨਾ ਜਤਾਈ ਏ।

---------------------------------------------------

ਔਰਤਾਂ ਦੇ FIH ਹਾਕੀ ਵਿਸ਼ਵ ਕੱਪ ਵਿੱਚ, ਭਾਰਤ ਨੇ ਅੱਜ ਨੀਦਰਲੈਂਡ ਦੇ ਐਮਸਟਲ-ਵੀਨ ਵਿਖੇ ਇੱਕ ਗਰੁੱਪ-ਪੜਾਅ ਦੇ ਮੈਚ ਵਿੱਚ ਚੀਨ ਖਿਲਾਫ 2-2 ਦੇ ਰੋਮਾਂਚਕ ਡਰਾਅ ਨਾਲ ਆਪਣੀ ਮੁਹਿੰਮ ਦੀ ਸ਼ੁਰੂਆਤ ਕੀਤੀ।

ਨਵਨੀਤ ਨੇ ਅੱਠਵੇਂ ਮਿੰਟ ਵਿੱਚ ਭਾਰਤ ਨੂੰ ਸ਼ੁਰੂਆਤੀ ਲੀਡ ਦਿੱਤੀ, ਪਰ ਚੀਨ ਨੇ 15ਵੇਂ ਮਿੰਟ ਵਿੱਚ ਝਾਂਗ ਯਿੰਗ ਦੇ ਪੈਨਲਟੀ ਸਟ੍ਰੋਕ ਰਾਹੀਂ ਬਰਾਬਰੀ ਕਰ ਲਈ । ਦੀਪਿਕਾ ਨੇ 25ਵੇਂ ਮਿੰਟ ਵਿੱਚ ਪੈਨਲਟੀ-ਕਾਰਨਰ ਗੋਲ ਨਾਲ ਭਾਰਤ ਦੀ ਲੀਡ ਬਹਾਲ ਕੀਤੀ। ਚੀਨ ਨੇ ਤੀਜੇ ਕੁਆਰਟਰ ਵਿੱਚ ਵਾਪਸੀ ਕੀਤੀ, ਮਾ ਨਿੰਗ ਨੇ 39ਵੇਂ ਮਿੰਟ ਵਿੱਚ ਪੈਨਲਟੀ ਕਾਰਨਰ ਨੂੰ ਬਦਲ ਕੇ ਸਕੋਰ 2-2 ਨਾਲ ਬਰਾਬਰ ਕਰ ਦਿੱਤਾ।

---------------------------------------------------

ਕ੍ਰਿਕੇਟ ਵਿੱਚ, ਭਾਰਤ ਨੇ ਸ਼੍ਰੀਲੰਕਾ ਖਿਲਾਫ Galle ਅੰਤਰਰਾਸ਼ਟਰੀ ਸਟੇਡੀਅਮ ਵਿੱਚ ਖੇਡੇ ਜਾ ਰਹੇ ਪਹਿਲੇ ਟੈਸਟ ਮੈਚ ਦੇ ਦੂਜੇ ਦਿਨ ਦੀ ਖੇਡ ਖ਼ਤਮ ਹੋਣ ਤੱਕ, 9 ਵਿਕਟਾਂ ਦੇ ਨੁਕਸਾਨ 'ਤੇ 460 ਦੌੜਾਂ ਬਣਾ ਲਈਆਂ ਨੇ। ਖੇਡ ਖ਼ਤਮ ਹੋਣ ਸਮੇਂ, ਪ੍ਰਸਿਧ ਕ੍ਰਿਸ਼ਨਾ ਅਤੇ ਕੁਲਦੀਪ

ਯਾਦਵ ਕ੍ਰੀਜ਼ 'ਤੇ ਸਨ। ਦੇਵਦੱਤ ਪਡੀਕਲ ਨੇ 167 ਦੌੜਾਂ ਬਣਾ ਕੇ, ਆਪਣਾ ਪਹਿਲਾ ਟੈਸਟ ਸੈਂਕੜਾ ਲਗਾਇਆ।

---------------------------------------------------------

- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਕਹਿਣਾ ਏ ਕਿ 2047 ਤੱਕ, ਭਾਰਤ ਨੂੰ ਪੂਰੀ ਤਰ੍ਹਾਂ ਵਿਕਸਿਤ ਰਾਸ਼ਟਰ ਬਣਾਉਣ ਲਈ ਨੌਜਵਾਨਾਂ, ਗਰੀਬਾਂ, ਔਰਤਾਂ ਅਤੇ ਕਿਸਾਨਾਂ ਨੂੰ ਸਮਰੱਥ ਬਣਾਉਣਾ ਬੇਹਦ ਜ਼ਰੂਰੀ ਏ।

- ਜੰਮੂ-ਕਸ਼ਮੀਰ ਵਿੱਚ, ਜੰਮੂ-ਪੂੰਛ ਰਾਸ਼ਟਰੀ ਸ਼ਾਹਰਾਹ 'ਤੇ ਸੁੰਗਲ ਸੁਰੰਗ ਨੂੰ ਜਨਤਕ ਆਵਾਜਾਈ ਲਈ ਖੋਲ੍ਹ ਦਿੱਤਾ ਗਿਆ ਏ।

- ਮਾਲੀਆ ਇੰਟੈਲੀਜੈਂਸ ਬਾਰੇ ਡਾਇਰੈਕਟੋਰੇਟ ਨੇ ਦੱਖਣ-ਪੂਰਬੀ ਏਸ਼ੀਆਈ ਸੁਪਾਰੀ ਦੀ ਗੈਰ-ਕਾਨੂੰਨੀ ਤਰੀਕੇ ਨਾਲ ਦਰਾਮਦ ਵਿੱਚ ਸ਼ਾਮਲ ਨੈੱਟਵਰਕ ਦਾ ਪਰਦਾਫਾਸ਼ ਕੀਤਾ ਏ।

- ਵਿਗਿਆਨ ਅਤੇ ਤਕਨਾਲੋਜੀ ਮੰਤਰੀ, ਡਾ. ਜਿਤੇਂਦਰ ਸਿੰਘ ਨੇ ਰੋਕਥਾਮ ਵਾਲੀ ਸਿਹਤ ਸੰਭਾਲ ਅਤੇ ਸ਼ੂਗਰ ਦੀ ਰੋਕਥਾਮ ਨੂੰ ਰਾਸ਼ਟਰੀ ਤਰਜੀਹ ਬਣਾਉਣ ਦਾ ਸੱਦਾ ਦਿੱਤਾ ਏ।

- ਔਰਤਾਂ ਦੇ FIH ਹਾਕੀ ਵਿਸ਼ਵ ਕੱਪ ਵਿੱਚ, ਭਾਰਤ ਨੇ ਅੱਜ ਗਰੁੱਪ-ਪੜਾਅ ਦੇ ਮੈਚ ਵਿੱਚ ਚੀਨ ਖਿਲਾਫ 2-2 ਦੇ ਰੋਮਾਂਚਕ ਡਰਾਅ ਨਾਲ ਆਪਣੀ ਮੁਹਿੰਮ ਦੀ ਸ਼ੁਰੂਆਤ ਕੀਤੀ।

-----------------------------------------------------------

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ, ਸਾਡਾ ਅਗਲਾ ਰਾਸ਼ਟਰੀ ਬੁਲੇਟਿਨ ਸਵੇਰੇ ਸਾਢੇ 8 ਵਜੇ ਹੋਏਗਾ. ਨਮਸਕਾਰ!**